# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਆਦਰਸ਼ ਕਲੋਨੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਿਕਸ਼ਨ ਸੂਦ ਨੇ ਕੀਤੀ ਬੈਠਕ

ਹੁਸ਼ਿਆਰਪੁਰ 31 ਮਈ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਦੇ ਵਾਰਡ ਨੰ: 20 ਦੀ ਆਦਰਸ਼ ਕਲੋਨੀ ਵਿਖੇ ਪਿਛਲੇ ਹਫਤੇ ਸੜਕ ਬਣਾਉਣ ਦੇ ਕੰਮ ਨੀਂਹ ਪੱਥਰ ਰੱਖਣ ਸਮੇਂ ਸਥਾਨਕ ਨਿਵਾਸੀਆਂ ਨੇ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਅਤੇ ਮੇਅਰ ਸ਼ਿਵ ਸੂਦ ਕੋਲ ਮੰਗ ਰੱਖੀ ਸੀ ਕਿ ਉਹਨਾਂ ਨੂੰ ਆਦਰਸ਼ ਕਲੋਨੀ ਦੇ ਨਜਦੀਕ ਸ਼ਮਸ਼ਾਨਘਾਟ ਲਈ ਜਗਾ ਦਿੱਤੀ ਜਾਵੇ ਅਤੇ ਨਗਰ ਨਿਗਮ ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਪੰਚਾਇਤ ਵਲੋਂ ਗਰੀਬ ਲੋਕਾਂ ਨੂੰ ਦਿੱਤੇ ਗਏ ਪਲਾਟਾਂ ਨੂੰ ਪੱਕਾ ਕਰਵਾਇਆ ਜਾਵੇ। ਆਦਰਸ਼ ਕਲੋਨੀ ਨਿਵਾਸੀਆਂ ਨੇ ਇਹ ਵੀ ਦੱਸਿਆ ਕਿ ਕਲੋਨੀ ਦੇ ਸਾਰੇ ਲੋਕ ਪਿਛਲੇ 40 ਸਾਲ ਤੋਂ ਆਪਣੇ ਮਕਾਨ ਬਣਾ ਕੇ ਰਹਿ ਰਹੇ ਹਨ ਪਰ ਉਹਨਾਂ ਨੂੰ ਸਰਕਾਰ ਵਲੋਂ ਅਜੇ ਤੱਕ ਮਾਲਕੀ ਦੇ ਹੱਕ ਨਹੀਂ ਦਿੱਤੇ ਗਏ। ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਇਸ ਸਬੰਧ ਵਿਚ ਤਹਿਸੀਲਦਾਰ ਬਲਜਿੰਦਰ ਸਿੰਘ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿਚ ਆਦਰਸ਼ ਕਲੋਨੀ ਦੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਦਫਤਰੀ ਰਿਕਾਰਡ ਦੀ ਸਥਿਤੀ ਦਾ ਵਿਸਥਾਰ ਪੂਰਵਕ ਜਾਇਜਾ ਲਿਆ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਦੀਆਂ ਇਹਨਾਂ ਸਮੱਸਿਆਵਾ ਨੂੰ ਹੱਲ ਕਰਨ ਲਈ ਢੁੱਕਵੀਂ ਤਜਵੀਜ ਲੈ ਕੇ 10 ਜੂਨ 2016 ਨੂੰ ਦੁਪਹਿਰ 12:00 ਵਜੇ ਵਿਚਾਰ ਵਟਾਂਦਰਾ ਕਰਨ ਲਈ ਉਹਨਾਂ ਨਾਲ ਮੀਟਿੰਗ ਵਿਚ ਹਿੱਸਾ ਲੈਣ ਤਾਂ ਜ਼ੋ ਆਦਰਸ਼ ਕਲੋਨੀ ਦੇ ਲੋਕਾਂ ਦੀਆਂ ਮੰਗਾਂ ਦਾ ਢੁੱਕਵਾਂ ਹੱਲ ਕੱਢਿਆ ਜਾ ਸਕੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਤਹਿਸੀਲਦਾਰ ਬਲਜਿੰਦਰ ਸਿੰਘ, ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਵਿਨੋਦ ਪਰਮਾਰ, ਕੌਂਸਲਰ ਨਿਪੁੰਨ ਸ਼ਰਮਾ, ਨਿਤਿਨ ਗੁਪਤਾ ਨੰਨੂ, ਲਖਵੀਰ ਸਿੰਘ, ਪਿੱਪਲਾਂਵਾਲਾ ਦੇ ਪਟਵਾਰੀ ਪਰਵਿੰਦਰ ਵੀ ਇਸ ਮੀਟਿੰਗ ਵਿਚ ਹਾਜਰ ਸਨ।